بِسْمِ اللّٰہِ الرَّحْمٰنِ الرَّحِیْمِ نَحْمَدُہٗ وَ نُصَلِّیْ عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْدِ
لَا اِلٰہَ اِلَّا اللّٰہُ مُحَمَّدٌ رَّسُوْلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in** ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤਿ ਇਲਾਹੀ ਦਾ ਇਮਾਨ ਅਫ਼ਰੋਜ਼ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 16 ਜਨਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਮੈਂ ਪਿਛਲੇ ਇੱਕ ਖ਼ੁਤਬੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਹਵਾਲੇ ਨਾਲ਼ ਆਪ ﷺ ਦੀ ਮੁਹੱਬਤਿ ਇਲਾਹੀ ਦੇ ਪਹਿਲੂ ਦਾ ਜ਼ਿਕਰ ਕੀਤਾ ਸੀ। ਇਸ ਬਾਰੇ ਹੀ ਅੱਜ ਹੋਰ ਕੁੱਝ ਬਿਆਨ ਕਰਾਂਗਾ।

ਜਵਾਨੀ ਅਤੇ **ਦਾਅਵਇ ਨਬੁੱਵਤ** ਤੋਂ ਪਹਿਲਾਂ ਵੀ ਆਪ ﷺ ਵਿੱਚ ਮੁਹੱਬਤਿ ਇਲਾਹੀ ਦਾ ਜੋਸ਼ ਅਜਿਹਾ ਸੀ ਕਿ ਆਪ ﷺ ਉਸ ਨਾਲ਼ ਬੇਤਾਬ ਹੋ ਕੇ ਗ਼ਾਰ ਵਿੱਚ ਜਾ ਕੇ ਮਹਿਬੂਬਿ ਇਲਾਹੀ ਨਾਲ਼ ਰਾਜ਼ੋ ਨਿਆਜ਼ ਵਿੱਚ ਮਸਰੂਫ਼ ਹੋ ਜਾਂਦੇ ਸਨ। ਇਸ ਮੁਹੱਬਤ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਅਸਲ ਗੱਲ ਇਹ ਹੈ ਕਿ ਜਦ ਅੱਲਾਹ ਤਆਲਾ ਦੇ ਨਾਲ਼ **ਮੁਹੱਬਤ** ਅਤੇ **ਰੂਚੀ** ਪੈਦਾ ਹੋ ਜਾਂਦੀ ਹੈ ਤਾਂ ਫਿਰ ਦੁਨੀਆ ਅਤੇ ਦੁਨੀਆ ਵਾਲਿਆਂ ਨਾਲ਼ ਇੱਕ ਨਫ਼ਰਤ ਅਤੇ ਕਰਾਹਤ ਪੈਦਾ ਹੋ ਜਾਂਦੀ ਹੈ। ਤਬੀਅਤ ਨੂੰ ਤਨਹਾਈ ਅਤੇ ਇੱਕਾਂਤ ਪਸੰਦ ਆਉਂਦੀ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਵੀ ਇਹੀ ਹਾਲਤ ਸੀ। ਅੱਲਾਹ ਤਆਲਾ ਦੀ ਮੁਹੱਬਤ ਵਿੱਚ ਆਪ ﷺ ਇਸ ਕ਼ਦਰ ਫ਼ਨਾ ਹੋ ਚੁੱਕੇ ਸਨ ਕਿ ਆਪ ﷺ ਇਸ ਤਨਹਾਈ ਵਿੱਚ ਹੀ ਪੂਰਾ **ਮਜ਼ਾ** ਅਤੇ **ਰੂਚੀ** ਪਾਉਂਦੇ ਸਨ। ਅਜਿਹੀ ਜਗ੍ਹਾ ਜਿੱਥੇ ਕੋਈ **ਆਰਾਮ** ਅਤੇ **ਰਾਹਤ** ਦਾ ਸਮਾਨ ਨਹੀਂ ਸੀ, ਜਿੱਥੇ ਜਾਂਦੇ ਹੋਏ ਵੀ ਡਰ ਲੱਗਦਾ ਹੋਵੇ, ਆਪ ﷺ ਉੱਥੇ ਕਈ ਕਈ ਰਾਤਾਂ ਇੱਕੱਲਿਆਂ ਗੁਜ਼ਾਰਦੇ ਸਨ। ਇਸ ਨਾਲ਼ ਇਹ ਵੀ ਪਤਾ ਲੱਗਦਾ ਹੈ ਕਿ ਆਪ ﷺ ਕੈਸੇ **ਬਹਾਦੁਰ** ਅਤੇ **ਸੂਰਵੀਰ** ਸਨ। ਜਦ ਖ਼ੁਦਾ ਤਆਲਾ ਨਾਲ਼ ਤਅੱਲੁਕ਼ ਸ਼ਦੀਦ ਹੋਵੇ ਤਾਂ ਫਿਰ ਬਹਾਦੁਰੀ ਵੀ ਆ ਜਾਂਦੀ ਹੈ। ਇਸ ਲਈ ਮੋਮਿਨ ਕਦੀ ਬੁਜ਼ਦਿਲ ਨਹੀਂ ਹੁੰਦਾ, ਦੁਨੀਆ ਵਾਲ਼ੇ ਬੁਜ਼ਦਿਲ ਹੁੰਦੇ ਹਨ, ਉਨ੍ਹਾਂ ਵਿੱਚ ਹਕ਼ੀਕ਼ੀ ਬਹਾਦੁਰੀ ਨਹੀਂ ਹੁੰਦੀ।

ਹਜ਼ੂਰ ਅਨਵਰ ਨੇ **ਗ਼ਾਰਿ ਹਿਰਾ** ਵਿੱਚ ਇਬਾਦਤਿ ਇਲਾਹੀ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਦੀ ਬਿਆਨ ਕਰਦਾ ਇੱਕ ਹਦੀਸ ਬੜੀ ਤਫ਼ਸੀਲ ਨਾਲ਼ ਬਿਆਨ ਕੀਤੀ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਅੱਲਾਹ ਤਆਲਾ ਆਪਣੇ ਫ਼ੈਜ਼ ਨੂੰ **ਕੋਸ਼ਿਸ਼** ਅਤੇ **ਮੁਜਾਹਿਦੇ** 'ਤੇ ਅਧਾਰਿਤ ਫ਼ਰਮਾਉਂਦਾ ਹੈ ਅਤੇ ਇਸ ਵਿੱਚ ਸਹਾਬਾ ਦਾ ਤਰੀਕ਼ਾ ਸਾਡੇ ਵਾਸਤੇ ਇੱਕ ਉਸਵਃ ਅਤੇ ਚੰਗਾ ਨਮੂਨਾ ਹੈ। ਸਹਾਬਾ ਦੀ ਜ਼ਿੰਦਗੀ 'ਤੇ ਗ਼ੌਰ ਕਰਕੇ ਦੇਖੋ ਭਲ਼ਾ ਉਨ੍ਹਾਂ ਨੇ ਸਿਰਫ਼ ਮਾਮੂਲੀ ਨਮਾਜ਼ਾਂ ਨਾਲ਼ ਹੀ ਉਹ ਦਰਜੇ ਹਾਸਿਲ ਕਰ ਲਏ ਸਨ? ਨਹੀਂ! ਬਲਕਿ ਉਨ੍ਹਾਂ ਨੇ ਤਾਂ ਖ਼ੁਦਾ ਦੀ ਰਜ਼ਾ ਦੇ ਹਾਸਿਲ ਕਰਨ ਲਈ ਆਪਣੀਆਂ ਜਾਨਾਂ ਤੱਕ ਦੀ ਪਰਵਾਹ ਨਹੀਂ ਕੀਤੀ ਅਤੇ ਭੇਡ ਬੱਕਰੀਆਂ ਦੀ ਤਰ੍ਹਾਂ ਖ਼ੁਦਾ ਦੀ ਰਾਹ ਵਿੱਚ ਕ਼ੁਰਬਾਨ ਹੋ ਗਏ, ਤਦ ਜਾ ਕੇ ਕਿਤੇ ਉਨ੍ਹਾਂ ਨੂੰ ਇਹ **ਰੁਤਬਾ** ਹਾਸਿਲ ਹੋਇਆ ਸੀ।

ਆਪ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਅਕਸਰ ਲੋਕ ਅਸੀਂ ਅਜਿਹੇ ਦੇਖੇ ਹਨ ਕਿ ਉਹ ਇਹੀ ਚਾਹੁੰਦੇ ਹਨ ਕਿ ਇੱਕ ਫੂਕ ਮਾਰ ਕੇ ਉਨ੍ਹਾਂ ਨੂੰ ਦਰਜੇ ਦਵਾ ਦਿੱਤੇ ਜਾਣ ਅਤੇ ਅਰਸ਼ ਤੱਕ ਉਨ੍ਹਾਂ ਦੀ **ਰਸਾਈ** ਹੋ ਜਾਵੇ। ਆਪ ਅਲੈਹਿੱਸ੍ ਸਲਾਮ

ਨੇ ਫ਼ਰਮਾਇਆ ਕਿ ਸਾਡੇ ਰਸੂਲ ਅਕਰਮ ਤੋਂ ਵਧ ਕੇ ਕੌਣ ਹੋਵੇਗਾ? ਉਹ **ਅਫ਼ਜ਼ਲੁਲ੍ ਬਸ਼ਰ** ਅਤੇ **ਅਫ਼ਜ਼ਲੁੱਰ ਰੁਸੁਲ੍ ਵਲ੍ ਅੰਬਿਯਾਅ** (ਸਾਰਿਆਂ ਇਨਸਾਨਾਂ ਵਿੱਚੋਂ ਅਤਿਉੱਤਮ ਅਤੇ ਸਾਰੇ ਨਬੀਆਂ ਅਤੇ ਰਸੂਲਾਂ ਵਿੱਚੋਂ ਅਤਿਉੱਤਮ) ਸਨ। ਜਦ ਉਨ੍ਹਾਂ ਨੇ ਹੀ ਫੂਕ ਨਾਲ ਕੰਮ ਨਹੀਂ ਕੀਤੇ ਤਾਂ ਹੋਰ ਕੌਣ ਹੈ ਜਿਹੜਾ ਅਜਿਹਾ ਕਰ ਸਕੇ? ਦੇਖੋ ਆਪ ﷺ ਨੇ ਗ਼ਾਰਿ ਹਿਰਾ ਵਿੱਚ ਕੈਸੀਆਂ ਕੈਸੀਆਂ ਰਿਆਜ਼ਤਾਂ ਕੀਤੀਆਂ, ਖ਼ੁਦਾ ਜਾਣੇ ਕਿੰਨੀ ਮੁੱਦਤ ਤੱਕ **ਗਿੜਗਿੜਾਹਟ** ਕੀਤੀ, ਪਾਕੀਜ਼ਗੀ ਦੇ ਲਈ ਕੈਸੀਆਂ ਕੈਸੀਆਂ **ਜਾਂਫ਼ਸ਼ਾਨੀਆਂ** ਅਤੇ ਸਖ਼ਤ ਤੋਂ ਸਖ਼ਤ **ਮਿਹਨਤਾਂ** ਕੀਤੀਆਂ ਤਦ ਜਾ ਕੇ ਕਿਤੇ ਖ਼ੁਦਾ ਤਆਲਾ ਵੱਲੋਂ ਫ਼ੈਜ਼ਾਨ ਨਾਜ਼ਿਲ ਹੋਇਆ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਦੀ ਮੁਹੱਬਤ ਵਿੱਚ ਆਪ ﷺ ਦੀਆਂ ਨਮਾਜ਼ਾਂ ਦੀ ਇਹ ਕੈਫ਼ੀਅਤ ਸੀ ਕਿ ਹਜ਼ਰਤ ਮੁਤੱਰਿਫ਼ ਆਪਣੇ ਵਾਲਿਦ ਤੋਂ ਰਿਵਾਇਤ ਕਰਦੇ ਹਨ ਕਿ ਉਨ੍ਹਾਂ ਨੇ ਕਿਹਾ ਕਿ ਮੈਂ ਨਬੀ ਕਰੀਮ ﷺ ਦੇ ਕੋਲ ਆਇਆ ਅਤੇ ਆਪ ﷺ ਨਮਾਜ਼ ਪੜ੍ਹ ਰਹੇ ਸਨ। ਆਪ ﷺ ਦੇ ਸੀਨੇ 'ਚੋਂ ਹਾਂਡੀ ਦੇ ਉਬਲਣ ਦੀ ਆਵਾਜ਼ ਦੀ ਤਰ੍ਹਾਂ ਆਵਾਜ਼ ਆ ਰਹੀ ਸੀ। ਆਪ ﷺ ਇੰਨੀ ਸ਼ਿੱਦਤ ਨਾਲ ਰੋ ਰਹੇ ਸਨ ਅਤੇ ਗਿੜਗਿੜਾ ਰਹੇ ਸਨ ਕਿ ਇੰਝ ਲੱਗ ਰਿਹਾ ਸੀ ਕਿ ਜਿਵੇਂ **ਹਾਂਡੀ** ਵਿੱਚ ਪਾਣੀ ਉਬਲ ਰਿਹਾ ਹੈ।

ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਦੀ ਰਿਵਾਇਤ ਦੇ ਮੁਤਾਬਿਕ਼ ਆਪ ﷺ ਇੰਨੀ ਜ਼ਿਆਦਾ ਇਬਾਦਤ ਕਰਦੇ ਅਤੇ ਇੰਨੀ ਦੇਰ ਖੜੇ ਹੁੰਦੇ ਸਨ ਕਿ ਆਪ ﷺ ਦੇ ਪੈਰ ਸੁੱਜ ਜਾਂਦੇ ਸਨ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤ ਅਤੇ ਇਬਾਦਤਾਂ ਦਾ ਜ਼ਿਕਰ ਕਰਦੇ ਹੋਏ ਇੱਕ ਜਗ੍ਹਾ ਫ਼ਰਮਾਉਂਦੇ ਹਨ ਕਿ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਜਦ ਆਪ ਰਜ਼ਿ ਅੱਲਾਹੁ ਅਨਹਾ **ਮਰਜ਼ੁਲ ਮੌਤ** (ਆਖ਼ਰੀ ਬਿਮਾਰੀ ਜਿਸ ਦੇ ਬਾਅਦ ਵਫ਼ਾਤ ਹੋ ਜਾਂਦੀ ਹੈ) ਵਿੱਚ ਮੁਬਤਿਲਾ ਸਨ ਤਾਂ ਸਖ਼ਤ ਕਮਜ਼ੋਰੀ ਦੀ ਵਜ੍ਹਾ ਨਾਲ ਨਮਾਜ਼ ਪੜ੍ਹਾਉਣ ਦੀ ਤਾਕ਼ਤ ਨਾ ਰੱਖਦੇ ਸਨ ਇਸ ਲਈ ਆਪ ﷺ ਨੇ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੂੰ ਨਮਾਜ਼ ਪੜ੍ਹਾਉਣ ਦਾ ਹੁਕਮ ਦਿੱਤਾ। ਆਪ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਇਹ ਹੁਕਮ ਫ਼ਰਮਾਉਣ ਦੇ ਬਾਅਦ ਜਦ ਆਪ ﷺ ਨੇ ਬਿਮਾਰੀ ਵਿੱਚ ਕੁੱਝ ਕਮੀ ਮਹਿਸੂਸ ਕੀਤੀ ਤਾਂ ਆਪ ﷺ ਦੋ ਆਦਮੀਆਂ ਦੇ ਸਹਾਰੇ ਨਮਾਜ਼ ਪੜ੍ਹਨ ਦੇ ਲਈ ਨਿਕਲੇ। ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਇਸ ਵੇਲੇ ਮੇਰੀਆਂ ਅੱਖਾਂ ਦੇ ਸਾਹਮਣੇ ਉਹ ਨਜ਼ਾਰਾ ਹੈ ਕਿ ਦਰਦ ਦੀ ਸ਼ਿੱਦਤ ਦੀ ਵਜ੍ਹਾ ਨਾਲ ਆਪ ﷺ ਦੇ ਕ਼ਦਮ ਜ਼ਮੀਨ ਨਾਲ ਛੋਹੰਦੇ ਜਾਂਦੇ ਸਨ। ਇਸ ਹਦੀਸ ਤੋਂ ਪਤਾ ਲੱਗਦਾ ਹੈ ਕਿ ਆਪ ﷺ ਨੂੰ ਕੈਸੀ ਹੀ ਖ਼ਤਰਨਾਕ ਬਿਮਾਰੀ ਹੋਵੇ, ਆਪ ﷺ ਖ਼ੁਦਾ ਤਆਲਾ ਦੀ ਯਾਦ ਨੂੰ ਨਾ ਭੁਲਾਉਂਦੇ। ਆਮ ਤੌਰ 'ਤੇ ਲੋਕਾਂ ਨੂੰ ਦੇਖਿਆ ਗਿਆ ਹੈ ਕਿ ਮਾੜੀ ਜਿਹੀ ਤਕਲੀਫ਼ ਹੋਈ ਅਤੇ ਸਭੇ ਇਬਾਦਤਾਂ ਭੁੱਲ ਗਈਆਂ। ਬੇਸ਼ੱਕ ਜ਼ਹਿਰੀ ਤੌਰ 'ਤੇ ਇਹ ਗੱਲ ਮਾਮੂਲੀ ਲੱਗਦੀ ਹੈ ਪਰ ਰਤਾ ਰਸੂਲ ਕਰੀਮ ﷺ ਦੀ ਇਸ ਹਾਲਤ ਨੂੰ ਦੇਖੋ ਜਿਸ ਵਿੱਚ ਆਪ ﷺ ਮੁਬਤਿਲਾ ਸਨ ਫਿਰ ਇਸ **ਜ਼ਿਕਰਿ ਇਲਾਹੀ** ਦੇ ਸ਼ੌਕ਼ ਨੂੰ ਦੇਖੋ ਕਿ ਜਿਸ ਦੇ ਤਹਿਤ ਆਪ ﷺ ਨਮਾਜ਼ ਦੇ ਲਈ ਦੋ ਆਦਮੀਆਂ ਦੇ ਮੋਢਿਆਂ 'ਤੇ ਹੱਥ ਰੱਖ ਕੇ ਤਸ਼ਰੀਫ਼ ਲਿਆਏ ਤਾਂ ਪਤਾ ਲੱਗੇਗਾ ਕਿ ਇਹ ਵਾਕ਼ਿਆ ਕੋਈ ਮਾਮੂਲੀ ਵਾਕ਼ਿਆ ਨਹੀਂ ਸੀ ਬਲਕਿ ਆਪ ﷺ ਦੇ ਦਿਲ ਵਿੱਚ ਜੋ ਜ਼ਿਕਰਿ ਇਲਾਹੀ ਦਾ ਸ਼ੌਕ਼ ਸੀ ਇਸ ਦੇ ਇਜ਼ਹਾਰ ਦਾ ਇੱਕ ਦਰਪਣ ਹੈ।

ਹਰ ਇੱਕ ਅਕ਼ਲ ਵਾਲਾ ਸਮਝ ਸਕਦਾ ਹੈ ਕਿ ਜ਼ਿਕਰਿ ਇਲਾਹੀ ਆਪ ﷺ ਦੀ **ਖ਼ੁਰਾਕ** ਸੀ ਅਤੇ ਇਸ ਦੇ ਬਗ਼ੈਰ ਆਪ ﷺ ਆਪਣੀ ਜ਼ਿੰਦਗੀ ਵਿੱਚ ਕੋਈ ਮਜ਼ਾ ਨਹੀਂ ਪਾਉਂਦੇ ਸਨ। ਇਸੇ ਵੱਲ ਆਪ ﷺ ਨੇ ਇਸ਼ਾਰਾ ਫ਼ਰਮਾਇਆ ਹੈ ਕਿ ਜਿਨ੍ਹਾਂ ਚੀਜ਼ਾਂ ਨਾਲ ਮੈਨੂੰ ਮੁਹੱਬਤ ਹੈ ਉਨ੍ਹਾਂ ਵਿੱਚੋਂ ਇੱਕ قُرَّةُ عَيْنِي فِي الصَّلٰوةِ ਯਾਨੀ ਮੇਰੀਆਂ ਅੱਖਾਂ ਦੀ ਠੰਡਕ ਨਮਾਜ਼ ਵਿੱਚ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਲੋਕ ਪੁੱਛਦੇ ਹਨ ਅਤੇ ਅਕਸਰ ਅੱਜ ਕੱਲ ਦੇ ਬੱਚੇ ਅਤੇ ਨੌਜਵਾਨ ਵੀ ਸਵਾਲ ਕਰਦੇ ਹਨ ਕਿ ਨੇਕੀਆਂ ਕੀ ਹਨ ਅਤੇ ਕਿਸ ਤਰ੍ਹਾਂ ਪਤਾ ਲੱਗੇ ਕਿ ਅੱਲਾਹ ਤਆਲਾ **ਰਾਜ਼ੀ** ਹੁੰਦਾ ਹੈ? ਅੱਲਾਹ ਤਆਲਾ ਇਸੇ ਤਰ੍ਹਾਂ ਰਾਜ਼ੀ ਹੁੰਦਾ ਹੈ ਕਿ ਨੇਕੀਆਂ ਕਰੋ ਅਤੇ ਸਿਰਫ਼ ਖ਼ੁਦਾ ਤਆਲਾ ਦੀ ਰਜ਼ਾ ਦੇ ਲਈ ਕਰੋ। ਇਨਸਾਨ ਆਪਣਾ **ਜਾਇਜ਼ਾ** ਖ਼ੁਦ ਲੈ ਸਕਦਾ ਹੈ, ਕਿਸੇ ਬਾਹਰ ਦੇ ਆਦਮੀ ਨੂੰ **ਜੱਜ** ਬਣਾਉਣ ਦੀ ਲੋੜ ਨਹੀਂ ਹੈ। ਇਨਸਾਨ ਖ਼ੁਦ ਸਮਝ ਸਕਦਾ ਹੈ ਕਿ ਜੋ ਨੇਕੀਆਂ ਉਹ ਕਰ ਰਿਹਾ ਹੈ ਜੇਕਰ ਉਹ ਖ਼ੁਦਾ ਤਆਲਾ ਦੇ ਲਈ ਕਰ ਰਿਹਾ ਹੈ ਫਿਰ ਅੱਲਾਹ ਤਆਲਾ ਨੂੰ ਯਕ਼ੀਨਨ ਪਸੰਦ ਹਨ।

ਆਪ ﷺ ਦੀ ਇਬਾਦਤ ਇੱਕ **ਨਿਰੰਤਰਤਾ** ਦਾ ਰੰਗ ਰੱਖਦੀ ਸੀ। ਫਿਰ ਹੋਰ ਵੀ ਜ਼ਿਆਦਾ ਸ਼ੌਕ ਦੀ ਜਲਵਾ ਨੁਮਾਈ ਹੁੰਦੀ। ਫਿਰ ਆਪ ﷺ ਆਪਣੇ ਰੱਬ ਦੀ ਇਬਾਦਤ ਵਿੱਚ ਰੁੱਝ ਜਾਂਦੇ ਅਤੇ ਰਾਜ਼ੋ ਨਿਆਜ਼ ਦਾ ਸਿਲਸਿਲਾ ਅਜਿਹਾ ਫੈਲਿਆ ਹੁੰਦਾ ਕਿ ਕਈ ਵਾਰ ਇਬਾਦਤ ਕਰਦੇ ਕਰਦੇ ਆਪ ﷺ ਦੇ ਪੈਰ ਸੁੱਜ ਜਾਂਦੇ। ਸਹਾਬਾ ਅਰਜ਼ ਕਰਦੇ ਕਿ ਯਾ ਰਸੂਲੁੱਲਾਹ! ਇਸ ਕ਼ਦਰ ਇਬਾਦਤ ਦੀ ਆਪ ﷺ ਨੂੰ ਕੀ ਲੋੜ ਹੈ? ਆਪ ﷺ ਦੇ ਤਾਂ ਗੁਨਾਹ **ਮੁਆਫ਼** ਹੋ ਚੁੱਕੇ ਹਨ। ਇਸ ਦਾ ਜਵਾਬ ਆਪ ﷺ ਇਹੀ ਦਿੰਦੇ ਕਿ ਫਿਰ ਕੀ ਮੈਂ **ਸ਼ੁਕਰ** ਨਾ ਕਰਾਂ? ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ! ਅੱਲਾਹ! ਕੀ **ਇਸ਼ਕ਼** ਹੈ, ਕੀ **ਮੁਹੱਬਤ** ਹੈ, ਕੀ **ਪਿਆਰ** ਹੈ, ਖ਼ੁਦਾ ਤਆਲਾ ਦੀ ਯਾਦ ਵਿੱਚ ਖੜੇ ਹੁੰਦੇ ਹਨ ਅਤੇ ਆਪਣੇ ਤਨ ਬਦਨ ਦੀ ਹੋਸ਼ ਨਹੀਂ ਰਹਿੰਦੀ। ਪਰ ਉਹ ਦੁੱਖ ਜਿਹੜਾ ਲੋਕਾਂ ਨੂੰ ਬੇਚੈਨ ਕਰ ਦਿੰਦਾ ਹੈ ਅਤੇ ਦੇਖਣ ਵਾਲੇ ਉਸ ਤੋਂ ਮੁਤਾਸਿਰ ਹੋ ਜਾਂਦੇ ਹਨ, ਆਪ ﷺ ‘ਤੇ ਕੁੱਝ ਅਸਰ ਨਹੀਂ ਕਰਦਾ। ਕੀ ਇਖ਼ਲਾਸ ਨਾਲ ਭਰਪੂਰ ਅਤੇ ਕੈਸੀ ਸ਼ੁਕਰ ਗੁਜ਼ਾਰੀ ਦਾ ਜ਼ਾਹਿਰ ਕਰਨ ਵਾਲਾ ਇਹ ਜਵਾਬ ਹੈ ਅਤੇ ਕਿਸ ਤਰ੍ਹਾਂ ਆਪ ﷺ ਦੇ ਪਵਿੱਤਰ **ਹਿਰਦੇ** ਦੇ ਜਜ਼ਬਾਤ ਨੂੰ ਖੋਲ੍ਹ ਕੇ ਪੇਸ਼ ਕਰ ਦਿੰਦਾ ਹੈ।

ਫਿਰ ਇਸੇ ਸੰਦਰਭ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਫ਼ਰਮਾਇਆ ਕਿ ਆਪ ﷺ ਕਿਸ ਤਰ੍ਹਾਂ ਆਪਣੇ ਕੰਮਾਂ ਵਿੱਚ ਰੁੱਝੇ ਰਹਿੰਦੇ ਸਨ ਇਹ ਨਹੀਂ ਕਿ ਸਿਰਫ਼ ਇਬਾਦਤ ਕਰ ਲਈ ਤੇ ਬਾਕ਼ੀ ਕੰਮ **ਖ਼ਤਮ** ਹੋ ਗਏ। ਦਿਨ ਭਰ ਵੀ ਆਪ ﷺ ਖ਼ੁਦਾ ਤਆਲਾ ਦੇ ਨਾਮ ਦਾ **ਪ੍ਰਚਾਰ** ਅਤੇ ਉਸਦੀ **ਅਤਾਅਤ** (ਆਗਿਆਕਾਰੀ) ਅਤੇ **ਫਰਮਾਂਬਰਦਾਰੀ** ਨੂੰ ਰਿਵਾਜ ਦੇਣ ਦੀ ਕੋਸ਼ਿਸ਼ ਵਿੱਚ ਲੱਗੇ ਰਹਿੰਦੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਸ ਸਾਨੂੰ ਆਪ ﷺ ਦੇ ਉਸਵੇ ‘ਤੇ ਚਲਦੇ ਹੋਏ ਨਮਾਜ਼ਾਂ ਅਤੇ ਇਬਾਦਤ ਦੇ ਲਈ ਇਹ ਮਿਆਰ ਹਾਸਿਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਦ ਹੀ ਅਸੀਂ ਹਕ਼ੀਕ਼ੀ ਮੁਸਲਮਾਨ ਕਹਾ ਸਕਦੇ ਹਾਂ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਹਜ਼ਰਤ ਮੀਰ ਨਾਸਿਰ ਨਵਾਬ ਸਾਹਿਬ ਰਜ਼ਿ ਅੱਲਾਹੁ ਅਨਹੁ ਨੂੰ ਇੱਕ ਖ਼ਤ ਲਿਖਦੇ ਹੋਏ ਫ਼ਰਮਾਇਆ ਕਿ ਜਿਹੜਾ ਆਪ ਨੇ ਆਪਣੇ ਅਮਲੀ ਤਰੀਕ਼ੇ ਦੇ ਲਈ ਪੁੱਛਿਆ ਹੈ ਉਹ ਇਹੀ ਗੱਲ ਹੈ ਕਿ ਰਸੂਲੁੱਲਾਹ ﷺ ਦੀ ਹਕ਼ੀਕ਼ੀ ਪੈਰਵੀ ਦੇ ਵੱਲ ਤਵੱਜੋ ਕਰੋ ਰਸੂਲੁੱਲਾਹ ﷺ ਨੇ ਜਿਨ੍ਹਾਂ ਅਮਲਾਂ ‘ਤੇ ਨਿਹਾਇਤ ਦਰਜਾ ਆਪਣੀ ਮੁਹੱਬਤ ਜ਼ਾਹਿਰ ਕੀਤੀ ਹੈ, ਉਹ ਦੋ ਹਨ: ਇੱਕ **ਨਮਾਜ਼** ਅਤੇ ਇੱਕ **ਜਿਹਾਦ**। ਨਮਾਜ਼ ਦੀ ਨਿਸਬਤ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ قُرَّةُ عَيْنِي فِي الصَّلوٰةِ ਯਾਨੀ ਅੱਖ ਦੀ ਠੰਡਕ ਨਮਾਜ਼ ਵਿੱਚ ਰੱਖੀ ਗਈ ਹੈ। ਆਪ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਸੋ ਇਸ ਜ਼ਮਾਨੇ ਵਿੱਚ ਜਿਹਾਦ ਰੂਹਾਨੀ ਸੂਰਤ ਦਾ ਰੰਗ ਫੜ ਗਿਆ ਹੈ ਅਤੇ ਇਸ ਰੰਗ ਦਾ ਜਿਹਾਦ ਇਹੀ ਹੈ ਕਿ ਇਸਲਾਮ ਦੇ ਕਲਮੇ ਨੂੰ ਉੱਚਾ ਰੱਖਣ ਦੀ ਕੋਸ਼ਿਸ਼ ਕਰੀਏ, ਇਹੀ **ਜਿਹਾਦ** ਹੈ, ਜਦ ਤੱਕ ਖ਼ੁਦਾ ਤਆਲਾ ਕੋਈ ਦੂਸਰੀ ਸੂਰਤ ਦੁਨੀਆ ਵਿੱਚ ਜ਼ਾਹਿਰ ਕਰੇ। ਹਜ਼ੂਰ ਅਨਵਰ ਨੇ ਤਵੱਜੋ ਦਵਾਈ ਕੇ ਜੇਕਰ ਅਸੀਂ ਚਾਹੁੰਦੇ ਹਾਂ ਕਿ ਇਸ ਜਿਹਾਦ ਵਿੱਚ ਹਿੱਸਾ ਲਈਏ ਤਾਂ ਫਿਰ ਅੱਲਾਹ ਤਆਲਾ ਦੀ ਮੁਹੱਬਤ ਅਤੇ ਦੁਆਵਾਂ ਦੇ ਵੱਲ ਵੀ ਸਾਨੂੰ ਤਵੱਜੋ ਦੇਣੀ ਹੋਵੇਗੀ। ਆਪਣੀਆਂ ਇਬਾਦਤਾਂ ਦੇ ਵੱਲ ਵੀ ਸਾਨੂੰ ਤਵੱਜੋ ਦੇਣੀ ਹੋਵੇਗੀ ਅਤੇ ਜੇਕਰ ਅਸੀਂ ਆਪ ﷺ ਦੇ ਉਸਵੇ ‘ਤੇ ਚਲਦੇ ਹੋਏ ਇਹ ਕਰਾਂਗੇ ਤਾਂ ਤਦ ਹੀ ਸਾਡੇ ਕੰਮਾਂ ਵਿੱਚ ਬਰਕਤ ਵੀ ਪਵੇਗੀ। ਅੱਲਾਹ ਤਆਲਾ ਸਾਨੂੰ ਇਸਦੀ ਤੌਫ਼ੀਕ਼ ਅਤਾ ਫ਼ਰਮਾਵੇ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਕੱਲ **ਬੰਗਲਾਦੇਸ਼** ਦੀ ਜਮਾਅਤ ਦਾ **ਜਲਸਾ** ਵੀ ਹੋ ਰਿਹਾ ਹੈ, ਉੱਥੇ ਮੁਖ਼ਾਲਫ਼ਤ ਵੀ ਕਾਫ਼ੀ ਹੁੰਦੀ ਹੈ, ਉਨ੍ਹਾਂ ਦੇ ਲਈ ਦੁਆ ਕਰੋ, ਅੱਲਾਹ ਤਆਲਾ ਉਨ੍ਹਾਂ ਸਭ ਨੂੰ ਆਪਣੀ **ਹਿਫ਼ਾਜ਼ਤ** ਵਿੱਚ ਰੱਖੇ ਅਤੇ ਉਨ੍ਹਾਂ ਦਾ ਜਲਸਾ ਵੀ **ਬ-ਖ਼ੈਰੋ ਖ਼ੂਬੀ** ਪੂਰਾ ਹੋਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞